# ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ

**ਮਨ ਮੇਰੇ ਤਿਨ ਕੀ ਓਟ ਲੇਹਿ ॥**
**ਮਨੁ ਤਨੁ ਅਪਨਾ ਤਿਨ ਜਨ ਦੇਹਿ॥**

ਇਹ ਪਦਾ ਸ੍ਰੀ ਗੁਰੂ ਅਰਜਨ ਸਾਹਿਬ ਦੀ, ਗਉੜੀ ਰਾਗ ਵਿਚ, ਉਚਾਰਣ ਕੀਤੀ ਬਾਣੀ, ਸੁਖਮਨੀ ਸਾਹਿਬ ਦੀ ੧੯ਵੀਂ ਅਸਟਪਦੀ ਦਾ ੮ਵਾਂ ਪਦਾ ਹੈ। ਸੁਖਮਨੀ ਸਾਹਿਬ ਨਾਂ ਦੀ ਬਾਣੀ ਦਾ ਵਿਸ਼ਾ ਵਸਤੂ, ਇਸ ਬਾਣੀ ਦੀ 'ਰਹਾਉ' ਦੀ ਪੰਕਤੀ ਵਿਚ ਹੈ, ਜਿਸ ਵਿਚ ਸਤਿਗੁਰੂ ਜੀ ਨੇ ਬਚਨ ਕੀਤੇ ਹਨ ਕਿ ਪਰਮੇਸ਼ਰ ਦਾ ਅੰਮ੍ਰਿਤਮਈ ਨਾਮ ਭਗਤਾਂ ਦੇ ਹਿਰਦੇ ਵਿਚ ਵਸਦਾ ਹੈ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥' ਮੌਜੂਦਾ ਪਦਾ ਵੀ ਇਸੇ ਤਥ ਦੀ ਹੀ ਵਿਆਖਿਆ ਹੈ।

-- ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਹੇ ਮੇਰੇ ਮਨ ! ਤੂੰ ਮਨੁਖਾ ਜੀਵਨ ਦੇ ਪਰਮ-ਲਖ਼ਸ਼ ਦੀ ਪ੍ਰਾਪਤੀ ਲਈ ਕਿਸੇ ਅਜਿਹੇ ਭਗਤ ਜਨ ਦਾ ਓਟ ਆਸਰਾ ਲੈ; ਕਿਵੇਂ ਦੇ ਭਗਤ ਜਨ? ਅਗੋਂ ਜੁਆਬ ਹੈ ਕਿ ਜਿਸ ਨੇ ਪ੍ਰਭੂ ਨੂੰ ਪਛਾਣ ਲਿਆ ਹੈ।

-- ਇਤਨਾ ਹੀ ਨਹੀਂ, ਆਪਣਾ ਮਨ ਅਤੇ ਤਨ ਅਜਿਹੇ ਹੀ ਜਨ ਨੂੰ ਸੌਂਪ । ਅਜਿਹੇ ਕਿਹੜੇ ਜਨ ? ਇਸ ਦਾ ਉਤਰ ਅਗਲੀਆਂ ਪੰਕਤੀਆਂ ਵਿਚ ਹੈ ਜੀ।
ਸ੍ਰੀ ਗੁਰੂ ਅਮਰਦਾਸ ਸਾਹਿਬ ਵੀ ਅਜਿਹਾ ਹੀ ਉਪਦੇਸ਼ ਦਿੰਦੇ ਹਨ ਕਿ ਜੋ ਖਸਮ ਪ੍ਰਭੂ ਨੂੰ ਪਛਾਣ ਲੈਂਦੇ ਹਨ, ਉਨ੍ਹਾਂ ਨੂੰ ਤਨ ਮਨ, ਅਗੇ ਹੋ ਕੇ, ਦੇ ਦੇਣਾ ਚਾਹੀਦਾ ਹੈ - 'ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ॥', ਪੰਨਾ ੩੮. ਪੰਚਮ ਪਾਤਸ਼ਾਹ ਦਾ, ਪੰਨਾ ੨੫੬ ਤੇ ਉਪਦੇਸ਼ ਹੈ ਕਿ ਜੋ ਜਨ, ਮੈਨੂੰ, ਪ੍ਰਭੂ ਨਾਲ ਮਿਲਾ ਦਏ, ਮੈਂ ਉਸ ਨੂੰ ਆਪਣਾ ਤਨ ਮਨ ਅਤੇ ਧਨ ਸੌਂਪ ਦਿਆਂ - 'ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ॥' ਬੇਨਤੀ ਕੀਤੀ ਹੈ ਕਿ ਜੇ, ਵਡੇ ਭਾਗਾਂ ਨਾਲ, ਅਜਿਹਾ ਸੰਤ ਮਿਲ ਪਏ ਤਾਂ ਉਸ ਦੇ ਚਰਨਾਂ ਨਾਲ ਲਗ ਜਾਵਾਂ, ਬੇਨਤੀ ਕਰਾਂ, ਆਪਣਾ ਮਨ ਤੇ ਧਨ ਅਰਪਣ ਕਰ ਦਿਆਂ, **ਆਪਣੇ ਮਨ ਦੀ ਸਾਰੀ ਮੱਤ ਛਡ ਦਿਆਂ** - 'ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥ ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥', ਅੰਕ ੨੦੪.

**ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥**
**ਸੋ ਜਨੁ ਸਰਬ ਥੋਕ ਕਾ ਦਾਤਾ ॥**

-- ਅਜਿਹਾ ਜਨ, ਜਿਸ ਨੇ ਆਪਣੇ ਪ੍ਰਭੂ ਨੂੰ ਪਛਾਣ ਲਿਆ ਹੋਵੇ...
ਪਾਤਸ਼ਾਹ ਨੇ, ਪੰਨਾ ੫੭੮ ਤੇ ਬਚਨ ਕੀਤੇ ਹਨ ਕਿ ਜਿਸ ਪਰਮੇਸ਼ਰ ਦੇ ਦਾਸ ਨੇ ਉਸ ਨਾਲ ਪਛਾਣ ਪਾ ਲਈ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ - 'ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ॥' ਸ਼ੇਖ ਫ਼ਰੀਦ ਜੀ ਵੀ ਅਜਿਹੇ ਜਨ ਦੇ ਚਰਣ ਚੁੰਮਣ ਦਾ ਉਪਦੇਸ਼ ਦਿੰਦੇ ਹਨ ਜਿਸ ਨੇ, ਸਚ ਪ੍ਰਭੂ ਨੂੰ, ਪਛਾਣ ਲਿਆ ਹੋਵੇ - 'ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥' ਪੰਨਾ ੪੮੮.

-- ...ਜਿਸ ਜਨ ਨੇ ਪ੍ਰਭੂ ਨੂੰ ਜਾਣ ਲਿਆ ਹੋਵੇ, ਉਹ ਸਭ ਵਸਤਾਂ ਦਾ ਥੋਕ ਦਾ (ਪਰਚੂਨ ਦਾ ਨਹੀਂ) ਦਾਤਾ ਬਣ ਜਾਂਦਾ ਹੈ।
ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਜਿਸ ਨੇ ਹੋਰ ਦੂਜਿਆਂ ਦਾ ਪ੍ਰੇਮ ਛਡ ਦਿਤਾ ਹੈ, ਉਸ ਇਕ ਪ੍ਰਭੂ ਦੀ ਪਛਾਣ ਪ੍ਰਾਪਤ ਕਰ ਲਈ ਹੈ, ਮੈਂ ਆਪਣਾ ਮਨ, ਤਨ, ਆਪਣਾ ਸਿਰ ਉਸ ਨੂੰ ਅਰਪਣ ਕਰ ਦਿਆਂ, ਉਸ ਦੇ ਚਰਨਾਂ ਨਾਲ ਲਗ ਜਾਵਾਂ - 'ਮਨੁ ਤਨੁ ਅਰਪੀ ਸਿਰੁ

ਦੇਈ ਤਿਨ ਕੈ ਲਾਗਾ ਪਾਇ॥ ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ॥', ਪੰਨਾ ੩੮. ਪੰਚਮ ਪਾਤਸ਼ਾਹ, ਸੁਖਮਨੀ ਸਾਹਿਬ ਦੀ ਤੀਜੀ ਅਸਟਪਦੀ ਵਿਚ ਉਪਦੇਸ਼ ਦਿੰਦੇ ਹਨ ਕਿ ਸਾਧੂ ਜਨ ਚਾਰੇ ਪਦਾਰਥਾਂ (ਧਰਮ ਅਰਥ ਕਾਮ ਮੋਖ਼ਸ਼) ਦੇ ਦਾਤੇ ਹੁੰਦੇ ਹਨ। ਇਨ੍ਹਾਂ ਦੀ ਪ੍ਰਾਪਤੀ ਲਈ ਸਾਧ ਜਨਾਂ ਦੀ ਸੇਵਾ ਕਰਨੀ ਬਣਦੀ ਹੈ - 'ਚਾਰਿ ਪਦਾਰਥ ਜੇ ਕੋ ਮਾਗੈ।। ਸਾਧ ਜਨਾ ਕੀ ਸੇਵਾ ਲਾਗੈ॥' ਪਾਤਸ਼ਾਹ ਇਕ ਥਾਂ ਹੋਰ, ਅਜਿਹੇ ਜਨ ਬਾਰੇ ਇੰਝ ਫ਼ੁਰਮਾਣ ਕਰਦੇ ਹਨ - 'ਜਨ ਕੀ ਮਹਿਮਾ ਕਥੀ ਨ ਜਾਇ॥ ਪਾਰਬ੍ਰਹਮੁ ਜਨੁ ਰਹਿਆ ਸਮਾਇ॥' ਪੰਨਾ ੧੯੩. ਹੋਰ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਜਨ, ਆਪਣੇ ਪਰਮ ਮਿਤਰ ਨੂੰ ਮੈਂ ਆਪਣਾ ਮਨ ਪੂਰਾ ਤਨ, ਸਭ ਸੰਪੱਤੀ, ਆਪਣਾ ਸਿਰ ਅਰਪ ਦਿਆਂ - 'ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥ ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥', ਪੰਨਾ ੨੪੭. ਜੋ ਜਨ ਆਪਣੇ ਪ੍ਰਭੂ ਨੂੰ ਭਾਅ ਗਿਆ ਹੈ, ਉਸ ਦੇ ਸੰਗ ਰਹਿ ਕੇ ਮੈਂ ਪ੍ਰਭੂ ਨੂੰ ਮਿਲ ਸਕਦਾ ਹਾਂ। ਉਸ ਦੀ ਖਾਤਰ ਮੈਂ ਆਪਣਾ ਸਾਰਾ ਜਾਪ, ਨੇਮ ਉਸ ਦੇ ਹਵਾਲੇ ਕਰ ਦਿਆਂ। ਆਪਣੇ ਸਾਰੇ ਧਰਮ ਕਰਮ ਅਗ ਵਿਚ ਪਾ ਦਿਆਂ। ਆਪਣਾ ਗਰਬ, ਮੋਹ ਛਡ ਕੇ, ਉਸ ਦੇ ਅਗੇ ਧੂੜ ਬਣ ਜਾਵਾਂ, ਉਸ ਦੇ ਸੰਗ ਰਹਿ ਕੇ ਇਨ੍ਹਾਂ ਨੈਣਾਂ ਨਾਲ ਪ੍ਰਭੂ ਨੂੰ ਵੇਖਾਂ - 'ਸਾਈ ਸੁਹਾਗਣਿ ਜੋ ਪ੍ਰਭ ਭਾਈ ॥ ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥..ਜਾਪ ਤਾਪ ਦੇਵਉ ਸਭ ਨੇਮਾ॥ ਕਰਮ ਧਰਮ ਅਰਪਉ ਸਭ ਹੋਮਾ॥ ਗਰਬੁ ਮੋਹੁ ਤਜਿ ਹੋਵਉ ਰੇਨ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ॥', ਪੰਨਾ ੩੯੧.

**ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥**
**ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥**

-- ਅਜਿਹੇ ਜਨ ਦੀ ਸਰਣ ਵਿਚ ਪੈ ਜਾਣ ਨਾਲ ਸਾਰੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁਖਮਨੀ ਸਾਹਿਬ ਵਿਚ ਵੀ ਪੰਜਵੇਂ ਪਾਤਸ਼ਾਹ ਇਸੇ ਤਰ੍ਹਾਂ ਹੀ ਫ਼ੁਰਮਾਣ ਕਰਦੇ ਹਨ - 'ਸਾਧ ਕੈ ਸੰਗਿ ਸਦਾ ਸੁਖੁ ਪਾਵੈ॥', ਪੰਨਾ ੨੭੧.

-- ਇੰਨਾ ਹੀ ਨਹੀਂ, ਸਗੋਂ ਉਸ ਦੇ ਦਰਸ਼ਨ ਮਾਤਰ ਨਾਲ ਮਨੁਖ ਦੇ ਸਾਰੇ ਪਾਪ ਵੀ ਨਾਸ ਹੋ ਜਾਂਦੇ ਹਨ। - 'ਸਾਧੂ ਕੈ ਸੰਗਿ ਪਾਪ ਪਲਾਇਨ॥' ਸੁਖਮਨੀ ਸਾਹਿਬ, ਪੰਨਾ ੨੭੧. ਸਗੋਂ ਸੰਤ ਦੇ ਚਰਨਾਂ ਦੀ ਧੂੜ ਨਾਲ ਕਰੋੜਾਂ, ਨਾ ਮਾਫ਼ ਹੋ ਸਕਣ ਵਾਲੇ ਪਾਪ ਵੀ ਮਿਟ ਜਾਂਦੇ ਹਨ - 'ਸੰਤ ਕੀ ਧੂਰਿ ਮਿਟੇ ਅਘ ਕੋਟ॥' ਪੰਨਾ ੧੮੯.
ਪਾਤਸ਼ਾਹ ਦੇ ਬਚਨ ਹਨ ਕਿ ਸਾਧੂ ਦੇ ਬਚਨਾਂ ਰਾਹੀਂ ਮਨ ਵਿਚ ਸਿਖਿਆ ਗ੍ਰਹਿਣ ਕਰਨ ਨਾਲ ਸਾਰੇ ਪਾਪ ਮਿਟ ਜਾਂਦੇ ਹਨ - 'ਸੁਣਿ ਮਨ ਸੀਖ ਸਾਧੂ ਜਨ ਸਗਲੋ ਥਾਰੇ ਸਗਲੇ ਪ੍ਰਾਛਤ ਮਿਟਿਓ ਰੇ॥', ਪੰਨਾ ੭੧੫. ਉਨ੍ਹਾਂ ਦੇ ਸੰਗ ਹਰੀ ਪ੍ਰਭੂ ਦਾ ਨਾਮ ਜਪਣ ਨਾਲ ਕ੍ਰੋੜਾਂ ਜਨਮਾਂ ਦੇ ਲਿਖੇ ਹੋਏ ਦੁਖ ਮਿਟ ਜਾਂਦੇ ਹਨ - 'ਸੰਤ ਜਨਾ ਮਿਲਿ ਹਰਿ ਜਸੁ ਗਾਇਓ॥ ਕੋਟਿ ਜਨਮ ਕੇ ਦੂਖ ਗਵਾਇਓ॥', ਪੰਨਾ ੭੨੦. ਭਗਤ ਜਨਾਂ ਦੇ ਸੰਗ ਪਾਪ ਦੂਰ ਹੁੰਦੇ ਹਨ, ਇਹ ਉਪਦੇਸ਼ ਵਾਰ ਵਾਰ ਮਿਲਦਾ ਹੈ - '**ਭਗਤ ਜਨਾ ਕੈ ਸੰਗਿ ਪਾਪ ਗਵਾਵਣਾ॥**', ਪੰਨਾ ੯੫੨. ਭਗਤਾਂ ਦਾ ਅਰਥ, **ਸਿਮਰਨ ਭਗਤੀ ਕਰਨ ਵਾਲੇ ਉਹ ਮਨੁਖ ਜਿਨ੍ਹਾਂ ਦੀ ਭਗਤੀ ਥਾਂ ਪਈ ਹੈ**, ਹੋਰ ਕੋਈ ਅਰਥ ਨਹੀਂ। ਸੰਤ ਜਨਾਂ ਦੀ ਸੰਗਤਿ ਪ੍ਰਾਪਤ ਕਰਨ ਨਾਲ ਪ੍ਰਭੂ ਭਗਤੀ, ਸਿਮਰਨ ਦਾ ਨਿਰਮਲ ਰਸਤਾ ਮਿਲ ਜਾਂਦਾ ਹੈ, ਜਿਸ ਕਰ ਕੇ ਮਛਰ ਵਾਂਙ ਕਮਜ਼ੋਰ ਜਿਹਾ ਜੀਵ, ਪਹਾੜ ਨੂੰ ਵੀ ਤੋੜ ਲੈਂਦਾ ਹੈ, ਕੀੜੀ ਵਰਗੀ ਕਮਜ਼ੋਰ ਤੁਛ ਜੀਵ ਵੀ ਚਿਕੜ, ਦਲਦਲ ਤੋਂ ਵੀ ਤਰ ਜਾਂਦੀ ਹੈ, ਪਿੰਗਲਾ, ਲੂਲ੍ਹਾ ਵਾਂਙ ਨਿਆਸਰਾ ਜੀਵ ਸਾਗਰ ਨੂੰ ਵੀ ਪਾਰ ਕਰ ਜਾਂਦਾ ਹੈ, ਅੰਨ੍ਹੇ

ਦਾ ਹਨੇਰਾ ਵੀ ਉਸ ਲਈ ਚਾਨਣ ਬਣ ਜਾਂਦਾ ਹੈ, ਅਗਿਆਨੀ ਦੇ ਸਾਹਮਣੇ ਗਿਆਨ ਦਾ ਪ੍ਰਗਾਸ ਹੋ ਜਾਂਦਾ ਹੈ। ਜੇ ਜੀਵ ਸਾਧ, **ਭਗਤ ਜਨਾਂ ਦੀ ਸੰਗਤਿ ਕਰਦਿਆਂ** 'ਹਰਿ ਹਰਿ ਹਰੇ' **ਵਾਹਗੁਰੂ ਵਾਹਗੁਰੂ ਵਾਹਗੁਰੂ...** ਕਰਨ ਦਾ ਸਿਮਰਨ ਕਰ ਕੇ ਗੋਬਿੰਦ ਪ੍ਰਭੂ ਦੀ ਸ਼ਰਣ ਵਿਚ ਆ ਜਾਵੇ, ਕਮਜ਼ੋਰ ਤੋਂ ਕਮਜ਼ੋਰ ਨਿਆਸਰਾ ਜੀਵ ਵੀ ਸਾਧੂ ਜਨਾਂ ਦੀ ਸੰਗਤਿ ਅਤੇ ਸਿਮਰਨ ਰਾਹੀਂ ਪ੍ਰਭੂ ਦੀ ਸ਼ਰਣ ਲੈਣ ਨਾਲ ਮੁਸ਼ਕਿਲ ਤੋਂ ਮੁਸ਼ਕਿਲ ਕਾਰਜ ਵੀ ਸਹਿਜੇ ਹੀ ਕਰ ਲੈਂਦਾ ਹੈ – 'ਲਬਧੰ ਸੰਤ ਸੰਗੇਣਿ ਨਾਨਕ ਸ੍ਵਛ ਮਾਰਗ ਹਰਿ ਭਗਤਣਹ॥ ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ॥ ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ॥ ਸਾਧ ਸੰਗੇਣਿ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ॥', ਪੰਨਾ ੧੩੫੯.

**ਅਵਰ ਸਿਆਨਪ ਸਗਲੀ ਛਾਡੁ ॥**

**ਤਿਸੁ ਜਨ ਕੀ ਤੂ ਸੇਵਾ ਲਾਗੁ ॥**

– – ਅਜਿਹੇ ਜਨ ਦੀ ਸੰਗਤਿ ਕਰਨ ਲਈ ਆਪਣੀਆਂ ਸਭ ਸਿਆਣਪਾਂ ਛਡਣੀਆਂ ਬਣਦੀਆਂ ਹਨ।

ਇਤਿਹਾਸ ਗਵਾਹ ਹੈ ਕਿ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਸੇਵਾ ਕਰਨ ਲਗਿਆਂ ਕਿਸੇ ਕਿਸਮ ਦੀ ਆਪਣੀ ਸਿਆਣਪ ਬਿਲਕੁਲ ਨਹੀਂ ਵਰਤੀ। ਵਰਨਾ, ਮੁਰਦਾ ਖਾਣ ਲਈ '**ਸਤ ਬਚਨ**' ਨਹੀਂ ਸੀ ਕਹਿ ਹੋਣਾ।

ਇਹੀ ਵਰਤਾਰਾ ਬਾਬਾ ਅਮਰਦਾਸ ਜੀ ਅਤੇ ਭਾਈ ਜੇਠਾ ਜੀ ਵੇਲੇ ਵੀ ਵਾਪਰਿਆ ਅਤੇ ਅਜ ਤਕ ਵਾਪਰ ਰਿਹਾ ਹੈ।

ਅਧਿਆਤਮਕ ਪ੍ਰਾਪਤੀ ਦਾ ਅਧਾਰ, ਕਦੇ ਵੀ, ਕਿਧਰੇ ਵੀ, ਤਰਕ ਨਹੀਂ ਰਿਹਾ। ਜੇ ਦੁਨਿਆਵੀ ਸਿਆਣਪ ਵਿਚ ਹੁੰਦੀ ਤਾਂ ਪੰਜ ਪਿਆਰੇ ਕਦੇ ਸੀਸ ਭੇਟ ਨਾ ਕਰਦੇ। ਪੂਰਾ ਗੁਰੂ/ਸਿਖ ਇਤਿਹਾਸ ਹੀ ਨਾ ਹੁੰਦਾ। ਸ੍ਰੀ ਗੁਰੂ ਅਰਜਨ ਸਾਹਿਬ ਦਾ ਹੀ, ਪੰਨਾ ੪੪ ਤੇ, ਸਿਆਣਪਾਂ ਬਾਰੇ ਫ਼ੁਰਮਾਣ ਹੈ – 'ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ॥'

– – ਹੇ ਮੇਰੇ ਮਨ ! ਤੂੰ ਵੀ, ਆਪਣੀਆਂ ਸਾਰੀਆਂ ਸਿਆਣਪਾਂ ਛਡ ਕੇ, ਅਜਿਹੇ ਜਨ ਦੀ ਸੇਵਾ ਵਿਚ ਲਗ ਜਾ।

ਇਸੇ ਕਰ ਕੇ, ਅਜਿਹੇ ਪਰਮੇਸ਼ਰ ਦੇ ਜਨ ਦੀ ਸੇਵਾ ਸਦਕਾ, ਭਾਈ ਲਹਿਣਾ ਜੀ, ਸ੍ਰੀ ਗੁਰੂ ਅੰਗਦ ਪਾਤਸ਼ਾਹ ਬਣੇ। ਅਜਿਹੇ ਜਨ, ਜਿਸ ਨੂੰ ਪਾਰਸ ਵੀ ਕਿਹਾ ਗਿਆ ਹੈ, ਦੀ ਸੇਵਾ ਨਾਲ, ਆਮ ਮਨੁਖ ਅਧਿਆਤਮਿਕ ਅਵੱਸਥਾਵਾਂ ਦੇ ਸਿਖ਼ਰਾਂ ਨੂੰ ਛੋਂਹਦੇ ਰਹੇ। ਇਹ ਸਿਲਸਿਲਾ ਹਮੇਸ਼ਾਂ ਤੋਂ ਹੀ ਇੰਞ ਹੀ ਰਿਹਾ ਹੈ ਅਤੇ ਹਮੇਸ਼ਾਂ ਜਾਰੀ ਰਹੇਗਾ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ੧੬੪ ਪੰਨੇ ਤੇ, ਫ਼ੁਰਮਾਣ ਹੈ ਕਿ ਭਗਤ ਜਨ ਦੀ ਸੇਵਾ ਉਤਮ ਕੰਮ ਹੈ, ਮੈਨੂੰ ਐਸੇ ਭਗਤਾਂ ਦੇ ਦਾਸਾਂ ਦਾ ਦਾਸ ਬਣਾ ਦੇ – 'ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥ ਜਨ ਕੀ ਸੇਵਾ ਊਤਮ ਕਾਮਾ॥' ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਆਮ ਮਨੁਖ ਦੀ ਸੇਵਾ ਚੰਗੀ, ਸੁਖਦਾਈ ਵੀ ਹੋ ਸਕਦੀ ਹੈ ਅਤੇ ਮਾੜੀ, ਦੁਖਦਾਈ ਵੀ। ਪਰ ਸਾਧੂ ਦੀ ਸੇਵਾ ਸਦਾ ਹੀ ਸੁਖਦਾਈ ਹੀ ਹੁੰਦੀ ਹੈ – 'ਮਾਣਸ ਸੇਵਾ ਖਰੀ ਦੁਹੇਲੀ॥ ਸਾਧ ਕੀ ਸੇਵਾ ਸਦਾ ਸੁਹੇਲੀ॥', ਪੰਨਾ ੧੧੯੨.

ਮਸਤਕ ਤੇ ਲਿਖੇ ਭਾਗਾਂ ਨਾਲ, ਸਾਧੂ ਦੀ ਓਟ ਲੈਣ ਵਿਚ ਆਪਣੀ ਸਿਆਣਪ ਤਿਆਗ ਦਈਏ, ਤਾਂ ਹੀ ਹਿਰਦੇ ਵਿਚ ਗੁਰਦੀਖਿਆ, ਭਾਵ, ਵਾਹਗੁਰੂ ਦਾ ਸਿਮਰਨ ਮਨ ਵਿਚ ਵਸਦਾ ਹੈ – 'ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ॥ ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ॥', ਪੰਨਾ ੨੬੦. ਭਗਤ ਕਬੀਰ ਜੀ ਤਾਂ ਇਥੋਂ ਤਕ ਫ਼ੁਰਮਾਣ

ਕਰਦੇ ਹਨ ਕਿ ਜਿਨ੍ਹਾਂ ਘਰਾਂ ਵਿਚ ਸਾਧੂ ਦੀ ਸੇਵਾ ਨਹੀਂ ਹੁੰਦੀ, ਉਥੇ ਹਰੀ ਦੀ ਭਗਤੀ ਵੀ ਸੰਭਵ ਨਹੀਂ। ਅਜਿਹੇ ਘਰ, ਸਾਖ਼ਸ਼ਾਤ, ਸ਼ਮਸ਼ਾਨ ਭੂਮੀ ਹਨ ਅਤੇ ਉਨ੍ਹਾਂ ਵਿਚ ਰਹਿਣ ਵਾਲੇ ਭੂਤ - 'ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥', ਪੰਨਾ ੧੩੭੪.

**ਆਵਨੁ ਜਾਨੁ ਨ ਹੋਵੀ ਤੇਰਾ ॥**

**ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥**

-- ਜਿਨ੍ਹਾਂ ਭਗਤ ਜਨਾਂ ਦੀ ਸੰਗਤਿ ਸਦਕਾ ਤੇਰਾ ਆਉਣ ਜਾਣ, ਭਾਵ, ਜਨਮ ਮਰਨ ਦਾ ਗੇੜ, ਮੁਕ ਜਾਏ...

ਪਾਤਸ਼ਾਹ ਨੇ ਸੁਖਮਨੀ ਸਾਹਿਬ ਵਿਚ ਫ਼ੁਰਮਾਣ ਕੀਤਾ ਹੈ ਕਿ ਜਨਮ ਮਰਣ ਦਾ ਗੇੜ ਤਾਂ ਸਾਧੂ ਹੀ ਕਟ ਸਕਦਾ ਹੈ, ਇਸ ਲਈ ਉਸਦੀ ਸ਼ਰਣ ਲੈਣੀ ਚਾਹੀਦੀ ਹੈ - 'ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥'

-- ...ਪੰਜਵੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਜਨ ਦੇ ਚਰਨ, ਸਦਾ ਹੀ ਪੂਜਣੇ ਚਾਹੀਦੇ ਹਨ।

ਮਹਾਰਾਜ ਨੇ ਵਾਹਗੁਰੂ ਦੇ ਦਾਸ ਦੀ ਚਰਣਾਂ ਦੀ ਧੂੜ ਮੰਗੀ, ਜੋ ਬੜੇ ਭਾਗਾਂ ਨਾਲ ਮਿਲਦੀ ਹੈ - 'ਦਾਸ ਕੀ ਧੂਰਿ ਨਾਨਕ ਕਉ ਦੀਜੈ।।... ਜਨ ਪਗ ਰੇਣੁ ਬਡਭਾਗੀ ਪਾਵੈ॥' ਪੰਨਾ ੧੯੩. ਪਰਮਾਤਮਾ ਨੂੰ ਬੇਨਤੀ ਕੀਤੀ ਹੈ ਕਿ ਕਿਰਪਾ ਕਰੋ, ਮੈਂ ਰਾਮ ਦੇ ਪਿਆਰੇ ਦੇ ਚਰਣ ਧੋ ਕੇ ਸੇਵਾ ਕਰਾਂ ਅਤੇ ਹਰ ਤਰ੍ਹਾਂ ਨਾਲ ਉਸ ਪੂਜਣ ਜੋਗ ਦੀ ਪੂਜਾ ਕਰਾਂ - 'ਚਰਣ ਪਖਾਰਿ ਕਰੀ ਨਿਤ ਸੇਵਾ ਜੀਉ॥ ਪੂਜਾ ਅਰਚਾ ਬੰਦਨ ਦੇਵਾ ਜੀਉ॥', ਪੰਨਾ ੨੧੭. ਜੋ ਮਨੁਖ ਸਾਧੂ ਜਨਾਂ ਦੀ ਸ਼ਰਣ ਵਿਚ ਢਹਿ ਪੈਂਦੇ ਹਨ, ਪੂਰੀ ਤਰ੍ਹਾਂ ਢਹਿ ਪੈਂਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਫਾਹੇ ਕਟੇ ਜਾਂਦੇ ਹਨ ਅਤੇ ਪ੍ਰਭੂ ਉਨ੍ਹਾਂ ਨੂੰ ਆਪਣੇ ਵਿਚ ਸਮਾ ਲੈਂਦਾ ਹੈ - 'ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ।। ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ॥', ਪੰਨਾ ੨੫੬.

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਰਾਮ, ਪ੍ਰਭੂ ਦਾ ਵਾਸਾ ਭਰਪੂਰ ਹੈ, ਭਾਵ, ਪ੍ਰਭੂ ਪ੍ਰਗਟ ਹੈ, ਉਨ੍ਹਾਂ ਦੇ ਚਰਨ ਕਮਲਾਂ ਦੀ ਅਸੀਂ ਧੂੜ ਹਾਂ - 'ਜਿਹ ਘਟ ਰਾਮੁ ਰਹਿਆ ਭਰਪੂਰਿ॥ ਤਿਨ ਕੀ ਪਗ ਪੰਕਜ ਹਮ ਧੂਰਿ॥', ਪੰਨਾ ੩੨੮. ਭਗਤ ਕਬੀਰ ਜੀ ਨੇ ਭਗਤ ਨਾਮਦੇਵ ਜੀ ਦਾ ਹਵਾਲਾ ਦੇ ਕੇ ਫ਼ੁਰਮਾਣ ਕੀਤਾ ਹੈ ਕਿ ਪ੍ਰਭੂ ਪ੍ਰਾਪਤੀ ਲਈ ਸੰਤ ਜਨਾਂ ਦੀ ਸੰਗਤਿ ਲਾਜ਼ਮੀ mandatory ਹੈ, ਇਸ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਦੀ ਇਛਾ ਕਰਨਾ, ਅੰਨ੍ਹਿਆਂ ਵਾਂਙ ਹਨੇਰੇ ਵਿਚ ਟਟੋਲੇ ਮਾਰਨਾ ਹੈ। **ਇਹ ਕਿਵੇਂ ਸੰਭਵ ਹੈ ਕਿ ਭਗਤ ਜਨਾਂ ਤੋਂ ਬਿਨਾਂ ਭਗਵੰਤ, ਪ੍ਰਭੂ ਮਿਲ ਜਾਏ** - 'ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ॥ **ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ॥**', ਅੰਕ ੧੩੭੭.

ਇਸ ਕਰ ਕੇ ਜਿਨ੍ਹਾਂ **ਭਗਤ ਜਨਾਂ ਨੇ ਪ੍ਰਭੂ ਨੂੰ ਪਛਾਣ ਲਿਆ ਹੈ**, ਉਨ੍ਹਾਂ ਦੇ ਚਰਨਾਂ ਨੂੰ ਪੂਜਦੇ ਰਹੀਏ, ਜੇ ਭਾਗਾਂ ਵਿਚ ਹੋਵੇ ਤਾਂ ਉਨ੍ਹਾਂ ਦੇ ਚਰਨਾਂ ਦੀ ਧੂੜ ਬਣ ਜਾਈਏ।

